ਮਨੁੱਖੀ ਮਾਣ-ਸਨਮਾਨ ਨਾਲ ਜ਼ਿੰਦਗੀ ਜਿਉਣ ਦੇ ਅਧਿਕਾਰ ਤੇ ਹਮਲਾ ਹੋਵੇ ? ਜਦੋਂ ਦੇਸ਼ ਦੇ 5000 ਬੱਚੇ ਰੋਜ਼ ਭੁੱਖ ਕਾਰਨ ਮਰ ਜਾਣ, ਕਰੋੜਾਂ ਲੋਕ ਭੁੱਖੇ ਪੇਟ ਸੌਣ, ਬਹੁਗਿਣਤੀ ਲੋਕਾਂ ਲਈ ਦੋ ਵਕਤ ਦੇ ਖਾਣੇ ਦਾ ਇੰਤਜਾਮ ਕਰਨਾ ਹੀ ਜ਼ਿੰਦਗੀ ਇੱਕੋ ਇੱਕ ਉਦੇਸ਼ ਬਣ ਜਾਵੇ ਤੇ ਲੱਖਾਂ ਟਨ ਅਨਾਜ ਗੁਦਾਮਾਂ 'ਚ ਪਿਆ ਸੜ ਜਾਵੇ ਤੇ ਦੇਸ਼ ਦਾ ਮੁਖੀ ਭੁੱਖੇ ਮਰਦੇ ਲੋਕਾਂ 'ਚ ਅਨਾਜ ਵੰਡਣ ਤੋਂ ਨਾਂਹ ਕਰੇ, ਤਾਂ ਇਸਨੂੰ ਕੀ ਕਿਹਾ ਜਾਵੇ ? ਦੇਸ਼ ਦੀ 77% ਆਬਾਦੀ 20 ਰੁਪੈ ਪ੍ਰਤੀ ਦਿਨ ਤੋਂ ਘੱਟ ਤੇ ਗੁਜ਼ਾਰਾ ਕਰੇ ਪਰ ਲੀਡਰਾਂ ਦੇ ਕਰੋੜਾਂ ਰੁਪੈ ਦੇ ਹੋਟਲ ਖੁੱਲਣ, ਅਰਬਾਂ-ਖਰਬਾਂ ਦਾ ਕਾਲਾ ਧਨ ਵਿਦੇਸ਼ੀਂ ਜਮ੍ਹਾ ਹੋਵੇ, ਕੀ ਇਹ ਦੇਸ਼-ਧ੍ਰੋਹ ਨਹੀਂ ? ਨੌਜਵਾਨ ਡਿਗਰੀਆਂ ਕਰਕੇ ਨੌਕਰੀਆਂ ਲਈ ਸੜਕਾਂ ਦੀ ਮਿੱਟੀ ਛਾਨਣ, ਖੁਦਕਸ਼ੀਆਂ ਕਰਨ ਤੇ ਦੇਸ਼ ਦੇ ਰਹਿਬਰ ਵਿਦੇਸ਼ੀ ਹੋਟਲਾਂ 'ਚ ਆਰਾਮ ਫਰਮਾਉਣ, ਕੀ ਇਹ ਰਾਸ਼ਟਰ ਵਿਰੋਧੀ ਨਹੀਂ ? 10 ਕਰੋੜ ਬੱਚਿਆਂ ਨੂੰ ਮਜ਼ਦੂਰੀ ਕਰਨੀ ਪਵੇ ਤੇ 28 ਕਰੋੜ ਲੋਕਾਂ ਨੂੰ ਲੋੜੀਦਾ ਰੁਜ਼ਗਾਰ ਨਾ ਮਿਲੇ, ਕੀ ਅਜਿਹੇ ਦੇਸ਼ ਦੇ ਹਾਕਮ ਦੇਸ਼-ਧ੍ਰੋਹੀ ਨਹੀਂ ? ਪਰ ਸ਼ਾਇਦ ਨਹੀਂ, ਸਾਡੇ ਦੇਸ਼ ਵਿੱਚ ਇਹ ਸਭ ਕੁਝ ਦੇਸ਼-ਧ੍ਰੋਹ ਦੀ ਪਰਿਭਾਸ਼ਾ ਹੇਠ ਨਹੀਂ ਆਉਂਦਾ ? ਇੱਥੇ ਰੋਟੀ ਮੰਗਣੀ, ਰੁਜ਼ਗਾਰ ਮੰਗਣਾ, ਇੱਕ ਇਨਸਾਨ ਦੀ ਤਰਾਂ ਜਿਉਣ ਦਾ ਹੱਕ ਮੰਗਣਾ ਅਤੇ ਇਹਨਾਂ ਮੰਗਾਂ ਦੇ ਹੱਕ ਵਿੱਚ ਤੇ ਧੱਕੇਸ਼ਾਹੀ ਖਿਲਾਫ਼ ਆਵਾਜ਼ ਉਠਾਉਣਾ ਹੀ ਦੇਸ਼ ਧ੍ਰੋਹ ਹੈ ? ਤੇ ਉਹ ਦਿਨ ਦੂਰ ਨਹੀਂ, ਜਦੋਂ ਦੇਖਣਾ, ਸੁਣਨਾ, ਸਾਹ ਲੈਣਾ, ਦਿਲ ਦਾ ਧੜਕਨਾ ਤੇ ਮਹਿਸੂਸ ਕਰਨਾ ਵੀ ਰਾਸ਼ਟਰ ਵਿਰੋਧੀ ਕਾਰਵਾਈ ਦੇ ਘੇਰੇ ਹੇਠ ਆ ਜਾਵੇਗਾ....... •

## ਭਾਰਤ ਸਰਕਾਰ ਦੀ ਨਵੀਂ ਪੇਸ਼ਕਸ 'ਇਨਸਾਫ਼ ਦਾ ਅਧਿਕਾਰ'

**- ਡਾ. ਅੰਮ੍ਰਿਤ**

ਦੋਸਤੋ, ਤੁਸੀਂ ਸਾਰਿਆਂ ਨੇ 'ਇਨਸਾਫ਼ ਕਾ ਤਰਾਜੂ', 'ਇਨਸਾਫ਼ ਕੀ ਦੇਵੀ' ਆਦਿ ਜਿਹੀਆਂ ਬਾਲੀਵੁੱਡ ਮਾਰਕਾ ਫਿਲਮਾਂ ਬਾਰੇ ਸੁਣਿਆ ਹੀ ਹੋਵੇਗਾ ? ਹੁਣ ਬਾਲੀਵੁੱਡ ਦੀ ਰੂਹ ਦਿੱਲੀ 'ਚ ਪਾਰਲੀਮੈਂਟ ਅੰਦਰ ਪ੍ਰਗਟ ਹੋਣ ਜਾ ਰਹੀ ਹੈ ਕਿਉਂਕਿ ਅਗਲੇ ਸ਼ੈਸਨ ਦੌਰਾਨ ਇੱਥੇ ਵੀ ਇੱਕ ਇਹੋ ਜਿਹੀ ਪੇਸ਼ਕਸ ਰਿਲੀਜ਼ ਹੋਣ ਜਾ ਰਹੀ ਹੈ 'ਇਨਸਾਫ਼ ਕਾ ਅਧਿਕਾਰ' ? ਖੈਰ ਪਹਿਲਾਂ ਵੀ ਸਾਡੀ ਸਰਕਾਰ ਥੈਲੀਸ਼ਾਹਾਂ ਦੇ ਮਨੋਰੰਜਨ ਲਈ (ਤੇ ਆਮ ਲੋਕਾਂ ਲਈ ਲਾਲੀਪਾਪ ਦੇ ਰੂਪ 'ਚ) ਇਹੋ ਜਿਹੀਆਂ ਸੁਹਾਵਣੀਆਂ ਪੇਸ਼ਕਸਾਂ ਕਰਦੀ ਰਹਿੰਦੀ ਹੈ ਮਸਲਨ 'ਬੋਲਣ ਤੇ ਰਾਏ ਜਾਹਿਰ ਕਰਨ ਦਾ ਅਧਿਕਾਰ', 'ਵੋਟ ਦਾ ਅਧਿਕਾਰ', 'ਸਿੱਖਿਆ ਦਾ ਅਧਿਕਾਰ', 'ਰੁਜ਼ਗਾਰ ਦਾ ਅਧਿਕਾਰ', 'ਖਾਣੇ ਦਾ ਅਧਿਕਾਰ'.... ਇਸਦੀ ਐਡੀਟਿੰਗ ਤੇ ਆਖਰੀ ਛੋਹਾਂ ਦੇਣ ਦਾ ਕੰਮ ਕਾਨੂੰਨ ਮੰਤਰੀ ਦੀ ਅਗਵਾਈ 'ਚ ਪੂਰੇ ਜੋਰਾਂ-ਸ਼ੋਰਾਂ ਤੇ ਚੱਲ ਰਿਹਾ ਹੈ ? ਸਰਕਾਰ ਨੂੰ ਪੂਰੀ ਉਮੀਦ ਹੈ ਕਿ ਇਸ ਵਾਰ ਵੀ ਉਸਨੂੰ ਇਸ ਬਹਾਨੇ ਖੂਬ ਪਬਲੀਸਿਟੀ ਦਾ ਮੌਕਾ ਮਿਲੇਗਾ ਤੇ ਆਮ ਲੋਕਾਂ ਦੀ ਇਨਸਾਫ਼ ਦੀ ਸਮੱਸਿਆ ਦਾ ਸਥਾਈ ਹੱਲ ਪੇਸ਼ ਕਰਨ 'ਚ ਕਾਮਯਾਬ ਰਹੇਗੀ ? ਪਰ ਕੁਝ ਸਿਰਫਿਰੇ ਸਮੀਖਿਅਕਾਂ ਦਾ ਦਾਅਵਾ ਹੈ ਕਿ ਪਹਿਲਾਂ ਦੀ ਤਰਾਂ ਇਸ ਵਾਰ ਵੀ ਆਮ ਲੋਕਾਂ ਦੇ ਹੱਥ ਲਾਈਨਾਂ 'ਚ ਲੱਗਣ ਤੋਂ ਸਿਵਾਏ ਕੁਝ ਨਹੀਂ ਲੱਗਣਾ ਤੇ ਇਸ ਅਧਿਕਾਰ ਨੇ ਵੀ ਵੱਡੇ ਵੱਡੇ ਧਨਾਢਾਂ ਤੇ ਨੌਕਰਸ਼ਾਹੀ ਦੇ ਵਿਹੜੇ 'ਚ ਬੰਨੇ ਖੂੰਖਾਰ ਕੁੱਤੇ ਜਿਹਾ ਬਣ ਜਾਣਾ ਹੈ ਜੋ ਜਿੰਨਾ ਇਹਨਾਂ ਅੱਗੇ ਪੂਛ ਹਿਲਾਉਂਦਾ ਹੈ, ਉਨਾ ਹੀ ਆਮ ਲੋਕਾਂ ਨੂੰ ਵੱਢਦਾ ਹੈ ? ਬੱਸ ਕੁਝ ਦੇਰ ਲਈ ਟੀਵੀ ਚੈਨਲਾਂ, ਭਾੜੇ ਦੇ ਬੁਧੀਜੀਵੀਆਂ ਤੇ ਪੱਤਰਕਾਰਾਂ ਨੂੰ ਜੁਬਾਨੀ ਕਸਰਤ ਦਾ ਮੌਕਾ ਜ਼ਰੂਰ ਮਿਲ ਜਾਏਗਾ ? ਇਹ ਸਿਰਫਿਰੇ ਸਮੀਖਿਆਕਾਰ ਤਾਂ ਇਥੋਂ ਤੱਕ ਕਹਿ ਰਹੇ ਹਨ ਕਿ ਜਲਦੀ ਇੱਕ ਹੋਰ ਪੇਸ਼ਕਸ ਰਿਲੀਜ਼ ਹੋਣ ਵਾਲੀ ਹੈ- 'ਜੀਣ ਦਾ ਅਧਿਕਾਰ' ਕਿਉਂਕਿ ਸਾਡੇ ਦੇਸ਼ ਵਿੱਚ 'ਅਧਿਕਾਰ' ਸ਼ਬਦ ਦਾ ਮਤਲਬ ਹੈ 'ਪੱਕੇ ਤੌਰ ਤੇ ਖੋਹਣਾ'... •

## ਲਲਕਾਰ ਦੇ ਪਾਠਕਾਂ ਨੂੰ ਇੱਕ ਅਪੀਲ

**ਪਾਠਕ ਸਾਥੀਓ**

ਲਲਕਾਰ ਦਾ 17ਵਾਂ ਅੰਕ ਤੁਹਾਡੇ ਹੱਥਾਂ ਵਿੱਚ ਹੈ। ਬਹੁਤ ਸਾਰੀਆਂ ਮੁਸ਼ਕਿਲਾਂ ਨਾਲ਼ ਜੂਝਦੇ ਹੋਏ ਪਿਛਲੇ ਤਿੰਨ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਲਲਕਾਰ ਨੇ ਆਪਣੀ ਨਿਰੰਤਰਤਾ ਬਰਕਰਾਰ ਰੱਖੀ ਹੈ। ਪਰ ਲਲਕਾਰ ਤੁਹਾਨੂੰ ਕਿਹੋ ਜਿਹਾ ਲੱਗਦਾ ਹੈ, ਇਸ ਬਾਰੇ ਸਾਨੂੰ ਕੋਈ ਜਾਣਕਾਰੀ ਨਹੀਂ ਹੈ। ਸਾਨੂੰ ਤੁਹਾਡੇ ਤੋਂ ਬਹੁਤ ਹੀ ਘੱਟ ਫੀਡਬੈਕ ਮਿਲ਼ਦੀ ਹੈ। ਬਸ ਮਿਲਣ 'ਤੇ ਕੁਝ ਸਾਥੀ ਜ਼ੁਬਾਨੀ ਕੁਝ ਸੁਝਾਅ ਦਿੰਦੇ ਹਨ ਜਾਂ ਕੁਝ ਆਲੋਚਨਾਵਾਂ ਕਰਦੇ ਹਨ। ਲਲਕਾਰ ਦੀ ਸੰਪਾਦਕੀ ਟੀਮ ਲਗਾਤਾਰ ਲਲਕਾਰ ਤੁਹਾਡੇ ਤੱਕ ਪਹੁੰਚਾਉਣ ਦਾ ਆਪਣਾ ਫਰਜ਼ ਨਿਭਾਅ ਰਹੀ ਹੈ। ਕੀ ਤੁਸੀਂ ਸੋਚਦੇ ਹੋ ਕਿ ਲਲਕਾਰ ਪ੍ਰਤੀ ਤੁਹਾਡਾ ਵੀ ਕੋਈ ਫਰਜ਼ ਹੈ ? ਸਾਨੂੰ ਤੁਹਾਡੇ ਸੁਝਾਵਾਂ, ਰਾਵਾਂ, ਬੇਕਿਰਕ ਆਲੋਚਨਾਵਾਂ ਦੀ ਬੇਹੱਦ ਜ਼ਰੂਰਤ ਹੈ। ਸੋ ਸਾਥੀਓ ਆਲਸ ਤਿਆਗੋ, ਲਲਕਾਰ ਦੇ ਹਰ ਅੰਕ ਬਾਰੇ ਸਾਨੂੰ ਖੁੱਲ੍ਹ ਕੇ ਆਪਣੇ ਵਿਚਾਰ ਦੱਸੋ।

ਤੁਹਾਡੇ ਇਸ ਸਹਿਯੋਗ ਤੋਂ ਬਿਨਾਂ ਲਲਕਾਰ ਦਾ ਪ੍ਰਕਾਸ਼ਨ ਮਹਿਜ਼ ਖਾਨਾਪੂਰਤੀ ਬਣ ਕੇ ਰਹਿ ਜਾਵੇਗਾ।

ਇੱਕ ਗੱਲ ਹੋਰ। ਤੁਸੀਂ ਜਾਣਦੇ ਹੀ ਹੋ ਕਿ ਲਲਕਾਰ ਵਿੱਚ ਕਿਸੇ ਕਿਸਮ ਦੇ ਵਿਗਿਆਪਨ ਪ੍ਰਕਾਸ਼ਤ ਨਹੀਂ ਹੁੰਦੇ। ਇਹ ਪੂਰੀ ਤਰ੍ਹਾਂ ਤੁਹਾਡੇ ਆਰਥਿਕ ਸਹਿਯੋਗ 'ਤੇ ਨਿਰਭਰ ਹੈ। ਸੋ ਆਪਣੇ ਇਸ ਸਾਲ ਦੇ ਚੰਦੇ ਅਤੇ ਪਿਛਲੇ ਬਕਾਏ ਜ਼ਰੂਰ ਭੇਜੋ। ਤੁਹਾਡੇ ਇਸ ਸਹਿਯੋਗ ਤੋਂ ਬਿਨਾਂ ਲਲਕਾਰ ਦਾ ਪ੍ਰਕਾਸ਼ਨ ਜਾਰੀ ਰੱਖ ਸਕਣਾ ਨਾਮੁਮਕਿਨ ਹੈ।

**ਸੰਪਾਦਕੀ ਟੀਮ**